# ਪਿੱਠਭੂਮੀ

## ਬੀ.ਸੀ. ਲਾਗਤਾਂ ਨੂੰ ਘਟਾ ਕੇ, ਕਿਫ਼ਾਇਤੀ ਘਰ ਉਪਲਬਧ ਕਰਵਾਏਗਾ

ਬੀ.ਸੀ. ਰਹਿਣ ਲਈ ਇੱਕ ਬਹੁਤ ਖ਼ੂਬਸੂਰਤ ਥਾਂ ਹੈ, ਪਰ ਬਹੁਤ ਸਾਰੇ ਲੋਕ ਇੱਥੇ ਵਧੇ ਹੋਏ ਖ਼ਰਚਿਆਂ ਦਾ ਸਾਹਮਣਾ ਕਰ ਰਹੇ ਹਨ ਅਤੇ ਰਹਿਣ ਲਈ ਇੱਕ ਕਿਫ਼ਾਇਤੀ ਜਗ੍ਹਾ ਲੱਭਣ ਲਈ ਸੰਘਰਸ਼ ਕਰ ਰਹੇ ਹਨ। ਸਾਲ 2017 ਤੋਂ ਲੈ ਕੇ ਹੁਣ ਤੱਕ, ਸੂਬੇ ਨੇ ਲੋਕਾਂ ਦੀ ਰਹਿਣ-ਸਹਿਣ ਦੇ ਖ਼ਰਚਿਆਂ ਵਿੱਚ ਮਦਦ ਕਰਨ ਨੂੰ ਤਰਜੀਹ ਦਿੱਤੀ ਹੈ, ਜਿਸ ਵਿੱਚ ICBC ਰਿਬੇਟਾਂ ਅਤੇ ਰੇਟਾਂ ਨੂੰ ਘਟਾਉਣਾ, 'ਮੈਡੀਕਲ ਸਰਵਿਸਿਸ ਪਲੈਨ' ਦੇ ਭੁਗਤਾਨਾਂ ਨੂੰ ਹਟਾਉਣਾ, ਸਕੂਲ ਭੋਜਨ ਪ੍ਰੋਗਰਾਮਾਂ ਦਾ ਵਿਸਤਾਰ ਕਰਨਾ, ਸੱਟੇਬਾਜ਼ੀ ਨਾਲ ਨਜਿੱਠਣਾ ਅਤੇ ਲੋਕਾਂ ਲਈ ਕਿਫ਼ਾਇਤੀ ਘਰ ਬਣਾਉਣਾ ਅਤੇ, 'ਬੀ ਸੀ ਫ਼ੈਮਿਲੀ ਬੈਨਿਫ਼ਿਟ' (BC Family Benefit) ਵਰਗੀ ਵਿੱਤੀ ਸਹਾਇਤਾ ਸ਼ਾਮਲ ਹੈ। ਬੱਜਟ 2025, ਸਾਲ 2024-25 ਤੋਂ ਸ਼ੁਰੂ ਹੋਣ ਵਾਲੇ ਚਾਰ ਸਾਲਾਂ ਵਿੱਚ $1.1 ਬਿਲੀਅਨ ਦੇ ਨਾਲ, ਜ਼ਿੰਦਗੀ ਨੂੰ ਕਿਫ਼ਾਇਤੀ ਬਣਾਉਣ ਦੇ ਸਰਕਾਰ ਦੇ ਉਪਾਵਾਂ 'ਤੇ ਅਧਾਰਤ ਹੈ, ਤਾਂ ਜੋ ਲੋਕਾਂ ਦੀ ਘਰ ਖ਼ਰੀਦਣ ਦੀ ਅਸਮਰੱਥਾ ਨਾਲ ਨਜਿੱਠਿਆ ਜਾ ਸਕੇ ਅਤੇ ਇੱਕ-ਵਾਰ ਦੀ ICBC ਰਿਬੇਟ ਦਿੱਤੀ ਜਾ ਸਕੇ।

### 'ਬੀ ਸੀ ਬਿਲਡਜ਼' (BC Builds)

ਤਿੰਨ ਸਾਲਾਂ ਦੌਰਾਨ $198 ਮਿਲੀਅਨ ਦੀ ਸ਼ੁਰੂਆਤੀ ਪ੍ਰੋਗਰਾਮ ਫੰਡਿੰਗ ਦੇ ਨਾਲ, 2024 ਵਿੱਚ ਪੇਸ਼ ਕੀਤਾ ਗਿਆ 'ਬੀ ਸੀ ਬਿਲਡਜ਼' ਇੱਕ ਹਾਊਸਿੰਗ ਪ੍ਰੋਗਰਾਮ ਹੈ ਜੋ ਬੀ.ਸੀ. ਭਰ ਵਿੱਚ ਮੱਧ-ਆਮਦਨੀ ਵਾਲੇ ਲੋਕਾਂ ਲਈ ਨਵੇਂ ਘਰਾਂ ਦੇ ਵਿਕਾਸ ਵਿੱਚ ਤੇਜ਼ੀ ਲਿਆਉਂਦਾ ਹੈ। ਛੇ ਪ੍ਰੋਜੈਕਟਾਂ ਦੀ ਉਸਾਰੀ ਸ਼ੁਰੂ ਹੋ ਚੁੱਕੀ ਹੈ। ਸਾਲ 2025-26 ਵਿੱਚ 11 ਹੋਰ 'ਤੇ ਕੰਮ ਸ਼ੁਰੂ ਹੋ ਜਾਵੇਗਾ। ਇਸ ਦੇ ਨਤੀਜੇ ਵਜੋਂ ਐਬਟਸਫੋਰਡ, ਕੋਵੀਚਨ ਨੇਸ਼ਨ/ਡੰਕਨ, ਫਰਨੀ, ਗਿੱਬਸਨਜ਼, ਲੇਕ ਬੈਬੀਨ ਫਰਸਟ ਨੇਸ਼ਨ, ਨੌਰਥ ਵੈਨਕੂਵਰ, ਪ੍ਰਿੰਸ ਰੂਪਰਟ, Tsawout ਫਰਸਟ ਨੇਸ਼ਨ ਅਤੇ ਵ੍ਹਿਸਲਰ ਵਰਗੇ ਭਾਈਚਾਰਿਆਂ ਵਿੱਚ ਮੱਧ-ਆਮਦਨੀ ਵਾਲੇ ਲੋਕਾਂ ਲਈ ਲਗਭਗ 1,400 ਕਿਰਾਏ ਦੇ ਯੂਨਿਟ ਉਪਲਬਧ ਹੋਣਗੇ।

ਬੱਜਟ 2025 ਤਿੰਨ ਸਾਲਾਂ ਵਿੱਚ 'ਬੀ ਸੀ ਬਿਲਡਜ਼' ਵਿੱਚ $318 ਮਿਲੀਅਨ ਦੇ ਵਧੇਰੇ ਨਿਵੇਸ਼ ਨਾਲ ਚੱਲ ਰਹੇ ਕੰਮ ਨੂੰ ਅੱਗੇ ਵਧਾਉਂਦਾ ਹੈ। ਨਵੀਂ ਫੰਡਿੰਗ ਵਧੇਰੇ ਘਰ ਉਪਲਬਧ ਕਰਵਾਏਗੀ ਅਤੇ ਮੱਧ-ਆਮਦਨੀ ਵਾਲੇ ਲੋਕਾਂ ਲਈ ਹਜ਼ਾਰਾਂ ਹੋਰ ਕਿਰਾਏ ਦੇ ਯੂਨਿਟ ਉਪਲਬਧ ਕਰਵਾਉਣ ਦੇ ਸੂਬੇ ਦੇ ਟੀਚੇ ਵਿੱਚ ਯੋਗਦਾਨ ਪਾਏਗੀ।

### ਸਪੈਕਿਊਲੇਸ਼ਨ ਐਂਡ ਵੇਕੈਂਸੀ ਟੈਕਸ

ਵਧੇਰੇ ਘਰ ਉਪਲਬਧ ਕਰਵਾਉਣ ਅਤੇ ਰੈਜ਼ਿਡੈਂਸ਼ੀਅਲ ਪ੍ਰੌਪਰਟੀਆਂ ਨੂੰ ਨਿਵੇਸ਼ ਦੇ ਮਕਸਦ ਦੀ ਬਜਾਏ, ਰਹਿਣ ਲਈ ਘਰਾਂ ਵਜੋਂ ਵਰਤਣ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ, ਬੱਜਟ 2025 'ਸਪੈਕਿਊਲੇਸ਼ਨ ਐਂਡ ਵੇਕੈਂਸੀ ਟੈਕਸ' (speculation and vacancy tax) ਰੇਟਾਂ ਨੂੰ ਵਧਾ ਰਿਹਾ ਹੈ। ਵਿਦੇਸ਼ੀ ਮਕਾਨ-ਮਾਲਕਾਂ ਅਤੇ ਵਿਸ਼ਵ ਭਰ ਦੇ ਉਹ ਮਕਾਨ-ਮਾਲਕ, ਜਿਨ੍ਹਾਂ ਨੂੰ ਕਦੇ ਟੈਕਸ ਨਹੀਂ ਦੇਣਾ ਪਿਆ, ਲਈ ਰੇਟ ਉਨ੍ਹਾਂ ਦੇ ਘਰ ਦੇ ਮੁੱਲ ਦੇ 2% ਹਿੱਸੇ ਤੋਂ ਵੱਧ ਕੇ 3%, ਅਤੇ ਕੈਨੇਡੀਅਨ ਨਾਗਰਿਕਾਂ ਅਤੇ ਸਥਾਈ ਵਸਨੀਕਾਂ (permanent residents) ਲਈ 0.5% ਤੋਂ ਵੱਧ ਕੇ 1% ਹੋ ਰਿਹਾ ਹੈ।

ਇਹ ਵਾਧਾ 1 ਜਨਵਰੀ, 2026 ਤੋਂ ਲਾਗੂ ਹੋਵੇਗਾ ਅਤੇ ਸਾਲ 2027-28 ਵਿੱਚ ਅਨੁਮਾਨਤ $47 ਮਿਲੀਅਨ ਦਾ ਹੋਰ ਮਾਲੀਆ ਪੈਦਾ ਕਰੇਗਾ। ਇਸ ਰਕਮ ਦੀ ਵਰਤੋਂ ਉਨ੍ਹਾਂ 59 ਖੇਤਰਾਂ ਦੀ ਹਾਊਸਿੰਗ ਵਿੱਚ ਵਾਪਸ ਨਿਵੇਸ਼ ਦੇ ਤੌਰ 'ਤੇ ਕੀਤੀ ਜਾਵੇਗੀ ਜਿੱਥੇ ਇਹ ਟੈਕਸ ਲਾਗੂ ਹੁੰਦਾ ਹੈ।

ਇਹ ਹੋਮ-ਫਲਿਪਿੰਗ ਟੈਕਸ ਅਤੇ ਵਿਦੇਸ਼ੀ ਮਾਲਕਾਂ ਲਈ ਟੈਕਸ ਦੇ ਨਾਲ-ਨਾਲ ਇੱਕ ਹੋਰ ਉਪਾਅ ਹੈ ਜਿਸ ਨਾਲ ਸੱਟੇਬਾਜ਼ਾਂ ਦੁਆਰਾ ਕੀਮਤਾਂ ਵਿਚ ਕੀਤੇ ਜਾਣ ਵਾਲੇ ਵਾਧੇ ਨੂੰ ਰੋਕਿਆ ਜਾ ਸਕੇਗਾ।

**ਘੱਟ ਆਮਦਨੀ ਵਾਲੇ ਬਜ਼ੁਰਗਾਂ ਅਤੇ ਪਰਿਵਾਰਾਂ ਲਈ ਸਹਾਇਤਾ**

ਬੱਜਟ 2025 ਸਹਾਇਤਾ ਵਿੱਚ ਵਾਧਾ ਕਰਦਾ ਹੈ ਅਤੇ ਘੱਟ ਆਮਦਨੀ ਵਾਲੇ ਪਰਿਵਾਰਾਂ ਅਤੇ ਬਜ਼ੁਰਗਾਂ ਦੀ ਕਿਰਾਏ ਦੇ ਘਰਾਂ ਨਾਲ ਸੰਬੰਧਤ ਖ਼ਰਚਿਆਂ ਵਿੱਚ ਮਦਦ ਕਰਦਾ ਹੈ।

ਬੱਜਟ 2025 ਦੇ ਨਵੇਂ ਨਿਵੇਸ਼, ਮਹੀਨਾਵਾਰ ਮਿਲਣ ਵਾਲੀ ਸਹਾਇਤਾ ਨੂੰ ਵਧਾਉਂਦੇ ਹਨ ਅਤੇ 'ਰੈਂਟਲ ਅਸਿਸਟੈਂਸ ਪ੍ਰੋਗਰਾਮ' (Rental Assistance Program) ਰਾਹੀਂ ਸਹਾਇਤਾ ਲਈ ਯੋਗ ਘੱਟ ਆਮਦਨੀ ਵਾਲੇ ਕੰਮਕਾਜੀ ਪਰਿਵਾਰਾਂ ਦੀ ਗਿਣਤੀ ਨੂੰ ਲਗਭਗ ਦੁੱਗਣਾ ਕਰਦੇ ਹਨ। ਪ੍ਰੋਗਰਾਮ ਲਈ ਆਮਦਨੀ ਦੀ ਸੀਮਾ ਨੂੰ $40,000 ਤੋਂ ਵਧਾ ਕੇ $60,000 ਕਰਨ ਨਾਲ, ਲਗਭਗ 6,000 ਪਰਿਵਾਰ ਪ੍ਰੋਗਰਾਮ ਲਈ ਯੋਗ ਹੋਣਗੇ, ਜੋ 3,200 ਦੇ ਪਿਛਲੇ ਅੰਕੜੇ ਤੋਂ ਵੱਧ ਹਨ। ਪਰਿਵਾਰਾਂ ਨੂੰ ਮਿਲਣ ਵਾਲੇ ਔਸਤ ਸਪਲੀਮੈਂਟ ਦੀ ਰਕਮ ਪ੍ਰਤੀ ਮਹੀਨਾ $400 ਤੋਂ ਵੱਧ ਕੇ $700 ਹੋ ਜਾਵੇਗੀ।

ਬੱਜਟ 2025 ਦੀ ਆਮਦਨੀ ਦੀ ਸੀਮਾ ਨੂੰ $37,240 ਤੋਂ ਵਧਾ ਕੇ $40,00 ਕਰਨ ਦੇ ਨਾਲ, 1,600 ਤੱਕ ਹੋਰ ਬਜ਼ੁਰਗਾਂ ਨੂੰ 'ਬਜ਼ੁਰਗ ਕਿਰਾਏਦਾਰਾਂ ਲਈ ਸ਼ੈਲਟਰ ਸਹਾਇਤਾ' (Shelter Aid for Elderly Renters, SAFER) ਪ੍ਰੋਗਰਾਮ ਦਾ ਲਾਭ ਮਿਲੇਗਾ। ਬਜ਼ੁਰਗਾਂ ਨੂੰ ਮਿਲਣ ਵਾਲੇ ਸਪਲੀਮੈਂਟ ਦੀ ਔਸਤ ਰਕਮ $261 ਤੋਂ ਵੱਧ ਕੇ $337 ਹੋ ਜਾਵੇਗੀ, ਜੋ ਕਿ 30% ਦਾ ਵਾਧਾ ਹੈ।

**ICBC ਰਿਬੇਟ**

ਉੱਚ ਲਾਗਤਾਂ ਦਾ ਸਾਹਮਣਾ ਕਰ ਰਹੇ ਲੋਕਾਂ ਅਤੇ ਕਾਰੋਬਾਰਾਂ ਦੀ ਮਦਦ ਲਈ, ਬੱਜਟ 2025 $110 ਦੀ ਇੱਕ ਵਾਰ ਦੀ ਰਾਹਤ ਰਿਬੇਟ ਦਿੰਦਾ ਹੈ। ਇਸ ਰਿਬੇਟ ਨਾਲ ਪਰਸਨਲ ਅਤੇ ਕਮਰਸ਼ੀਅਲ ਪੌਲਿਸੀ ਧਾਰਕਾਂ ਨੂੰ ਕੁੱਲ ਮਿਲਾ ਕੇ $410 ਮਿਲੀਅਨ ਵਾਪਸ ਮਿਲਣ ਦੀ ਉਮੀਦ ਹੈ।

**ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ**

'ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ' (Climate Action Tax Credit) ਘੱਟ ਆਮਦਨੀ ਵਾਲੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੀ ਮਦਦ ਕਰਨਾ ਜਾਰੀ ਰੱਖੇਗਾ, ਜਦ ਕਿ ਨੈਸ਼ਨਲ ਕਾਰਬਨ ਟੈਕਸ ਲਾਗੂ ਰਹਿਣਾ ਜਾਰੀ ਰਹੇਗਾ। ਫੈਡਰਲ ਤੌਰ 'ਤੇ ਲੋੜੀਂਦੇ 1 ਅਪ੍ਰੈਲ, 2025 ਤੱਕ ਦੇ ਕਾਰਬਨ ਟੈਕਸ ਵਾਧੇ ਤੋਂ ਆਉਣ ਵਾਲਾ ਵਧੇਰੇ ਮਾਲੀਆ, ਟੈਕਸ ਕ੍ਰੈਡਿਟ ਰਾਹੀਂ ਲੋਕਾਂ ਨੂੰ ਵਾਪਸ ਮਿਲਣਾ ਜਾਰੀ ਰਹੇਗਾ। ਜੇਕਰ ਫੈਡਰਲ ਸਰਕਾਰ ਕੈਨੇਡਾ ਭਰ ਵਿੱਚ ਕਾਰਬਨ ਪ੍ਰਾਈਸਿੰਗ ਦੀ ਲੋੜ ਨੂੰ ਹਟਾ ਦਿੰਦੀ ਹੈ ਤਾਂ ਸੂਬਾ 'ਕੰਜ਼ਿਊਮਰ ਕਾਰਬਨ ਟੈਕਸ' ਨੂੰ ਹਟਾਉਣ ਲਈ ਵਚਨਬੱਧ ਹੈ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਰੀਲੇਸ਼ਨਜ਼
236 969-0744